1/2

# ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
## (ਪ੍ਰਮੋਸ਼ਨ ਸੈੱਲ)

ਹੁਕਮ ਨੰਬਰ- (ਈ-711675/2023)/(ਪੀ-3)
ਮਿਤੀ, ਐਸ.ਏ.ਐਸ.ਨਗਰ- 12-11-2025

1. ਸਿੱਖਿਆ ਵਿਭਾਗ (ਸਕੂਲਜ਼) ਪੰਜਾਬ, ਅਧੀਨ ਕੰਮ ਕਰਦੇ ਓ.ਸੀ.ਟੀ. ਕਾਡਰ ਦੇ ਕਰਮਚਾਰੀਆਂ ਦੀਆਂ ਮਿਤੀ 13.11.2020 ਨੂੰ ਬਤੌਰ ਮਾਸਟਰ ਕਾਡਰ ਵਿਚਾਰੀਆਂ ਗਈਆਂ ਪਦ-ਉੱਨਤੀਆਂ ਅਧੀਨ 244 ਪੀ.ਟੀ.ਆਈ. ਦੀ ਭਰਤੀ ਅਧੀਨ ਨਿਯੁਕਤ ਕਰਮਚਾਰੀਆਂ ਨੂੰ ਵੀ ਬਤੌਰ ਮਾਸਟਰ ਕਾਡਰ ਪਦ-ਉੱਨਤ ਕੀਤਾ ਗਿਆ ਸੀ। ਪ੍ਰੰਤੂ ਇੰਨਾਂ ਪਦ-ਉੱਨਤ ਪੀ.ਟੀ.ਆਈ. ਕਰਮਚਾਰੀਆਂ ਦੀਆਂ ਨਿਯੁਕਤੀਆਂ ਸਿਵਲ ਰਿੱਟ ਪਟੀਸ਼ਨ ਨੰਬਰ 2617 ਆਫ 2017 ਸਤਪਾਲ ਸ਼ਰਮਾਂ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਰਾਹੀਂ ਚੁਣੌਤੀ ਦਿੱਤੇ ਜਾਣ ਕਾਰਨ,.ਕਰਮਚਾਰੀਆਂ ਨੂੰ ਜਾਰੀ ਪਦ-ਉੱਨਤੀ ਦੇ ਹੁਕਮ ਰੋਕ ਲਏ ਗਏ।
2. ਸਿਵਲ ਰਿੱਟ ਪਟੀਸ਼ਨ ਨੰਬਰ 2617 ਆਫ 2017- ਸਤਪਾਲ ਸ਼ਰਮਾਂ ਅਤੇ ਹੋਰ ਦਾ ਫੈਸਲਾ / ਮਿਤੀ 28.10.2024 ਰਾਹੀਂ ਕੇਸ ਡਿਸਪਾਜ ਆਫ ਕਰ ਦਿੱਤਾ ਗਿਆ, ਜਿਸ ਦੇ ਅਨੁਸਾਰ 244 ਪੀ.ਟੀ.ਆਈ. ਦੀ ਭਰਤੀ ਅਧੀਨ ਨਿਯੁਕਤ ਕਰਮਚਾਰੀਆਂ ਦੀ ਨਿਯੁਕਤੀ ਬਰਕਰਾਰ ਰੱਖੀ ਗਈ ਹੈ। ਮਾਨਯੋਗ ਹਾਈ ਕੋਰਟ ਦੇ ਇਸ ਫੈਸਲੇ ਦੇ ਸਨਮੁੱਖ ਮਿਤੀ 13.11.2020 ਨੂੰ ਬਤੌਰ ਮਾਸਟਰ ਕਾਡਰ ਪਦ-ਉੱਨਤ ਕਰਮਚਾਰੀਆਂ ਵੱਲੋਂ ਮਾਨਯੋਗ ਹਾਈ ਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰਬਰ 21936 ਆਫ 2025 ਦਾਇਰ ਕਰਕੇ ਜੂਨੀਅਰ ਕਰਮਚਾਰੀਆਂ ਦੀ ਪਦ-ਉੱਨਤੀ ਦੀ ਮਿਤੀ ਤੋਂ ਬਤੌਰ ਮਾਸਟਰ ਕਾਡਰ ਪਦ-ਉੱਨਤੀ ਦੀ ਮੰਗ ਕੀਤੀ ਗਈ।
3. ਸਿਵਲ ਰਿੱਟ ਪਟੀਸ਼ਨ ਨੰਬਰ 21936 ਆਫ 2025 ਮਾਨਯੋਗ ਹਾਈ ਕੋਰਟ ਵੱਲੋਂ ਮਿਤੀ 01.08.2025 ਨੂੰ ਮੁੜ ਸੀਨੀਆਰਤਾ ਤਿਆਰ ਕਰਨ ਦੇ ਆਦੇਸ਼ਾਂ ਅਧੀਨ ਡਿਸਪਾਜ ਆਫ ਕਰ ਦਿੱਤਾ ਗਿਆ ਹੈ। ਕਿਉਂਜੋ ਪਟੀਸ਼ਨਰ ਕਰਮਚਾਰੀਆਂ ਦੀ ਨਿਯੁਕਤੀ ਬਰਕਰਾਰ ਰੱਖੀ ਗਈ ਹੈ, ਇਸ ਲਈ ਕਰਮਚਾਰੀਆਂ ਨੂੰ ਪਹਿਲਾਂ ਜਾਰੀ ਪਦ-ਉੱਨਤੀ ਦੇ ਹੁਕਮ / ਮਿਤੀ 13.11.2020 ਨੂੰ ਬਹਾਲ ਕਰਦਿਆਂ, ਪਟੀਸ਼ਨਰ ਕਰਮਚਾਰੀਆਂ ਨੂੰ ਪਦ-ਉੱਨਤ ਕੀਤਾ ਜਾਂਦਾ ਹੈ-

| ਲੜੀ ਨੰਬਰ | ਸਟਾਫ ਆਈ.ਡੀ. | ਕਰਮਚਾਰੀ ਦਾ ਨਾਮ | ਅਹੁੱਦਾ | ਕੰਮ ਕਰਨ ਦਾ ਸਥਾਨ | ਜਿਲਾ | ਪਦ-ਉੱਨਤੀ ਦਾ ਵਿਸ਼ਾ |
|---|---|---|---|---|---|---|
| 1 | 573035605 | ਹਰਜੀਤ ਸਿੰਘ | ਪੀ.ਟੀ.ਆਈ. | ਸਹਸ ਭੈਣੀ ਜੱਸਾ | ਬਰਨਾਲਾ | ਹਿੰਦੀ / ਪੰਜਾਬੀ |
| 2 | 983278434 | ਹਰਜਿੰਦਰ ਸਿੰਘ | ਪੀ.ਟੀ.ਆਈ. | ਐੱਮ.ਕੇ.ਐਸ. ਪੀ.ਐਮ.ਸ਼੍ਰੀ ਸਸਸਸ (ਮ) ਭਵਾਨੀਗੜ੍ਹ | ਸੰਗਰੂਰ | ਹਿੰਦੀ / ਪੰਜਾਬੀ |
| 3 | 6171557289 | ਮਨਦੀਪ ਕੋਰ | ਪੀ.ਟੀ.ਆਈ. | ਸਕੰਸਸਸ ਮੰਡੀ ਕਲਾਂ | ਬਠਿੰਡਾ | ਐਸ.ਐਸ. / ਪੰਜਾਬੀ |
| 4 | 532263330 | ਮੁਨੀਸ਼ਾ ਸਰਮਾਂ | ਪੀ.ਟੀ.ਆਈ. | ਸਮਿਸ ਗੁਲਜਾਰਪੁਰਾ | ਪਟਿਆਲਾ | ਐਸ.ਐਸ. / ਪੰਜਾਬੀ |
| 5 | 362993125 | ਪੂਨਮ ਅਗਰਵਾਲ | ਪੀ.ਟੀ.ਆਈ. | ਸਕੰਸਸਸ ਬਰੇਟਾ | ਮਾਨਸਾ | ਐਸ.ਐਸ. / ਹਿੰਦੀ |
| 6 | 579316270 | ਅਮਨਪ੍ਰੀਤ ਕੋਰ | ਪੀ.ਟੀ.ਆਈ. | ਐਸ.ਓ.ਈ. ਮਾਨਸਾ | ਮਾਨਸਾ | ਐਸ.ਐਸ. / ਪੰਜਾਬੀ |
| 7 | 495084197 | ਚੰਦਰ ਕਲਾ | ਪੀ.ਟੀ.ਆਈ. | ਭਾਈ ਕਾਨ ਸਿੰਘ ਨਾਭਾ ਪੀ.ਐਮ.ਸ਼੍ਰੀ ਸਕੰਸਸਸ ਨਾਭਾ | ਪਟਿਆਲਾ | ਹਿੰਦੀ / ਐਸ.ਐਸ. |

ਸ਼ਰਤਾਂ-

1) ਜੇਕਰ ਕਿਸੇ ਵੀ ਸਟੇਜ ਤੇ ਅਜਿਹਾ ਪਾਇਆ ਗਿਆ ਕਿ ਕਿਸੇ ਕਰਮਚਾਰੀ ਨੇ ਆਪਣੀ ਵਿੱਦਿਅਕ ਯੋਗਤਾ ਕਟ-ਆਫ਼ ਮਿਤੀ ਤੋਂ ਬਾਅਦ ਪ੍ਰਾਪਤ ਕੀਤੀ ਹੈ ਤਾਂ ਅਜਿਹੇ ਕਰਮਚਾਰੀ ਦੀ ਪਦ-ਉੱਨਤੀ ਤੁਰੰਤ ਪ੍ਰਭਾਵ ਤੋਂ ਰੱਦ ਸਮਝੀ ਜਾਵੇਗੀ ਅਤੇ ਤੱਥ ਛੁਪਾਉਣ/ ਗਲਤ ਪਦ-ਉੱਨਤੀ ਕਲੇਮ ਕਰਨ ਦੇ ਦੋਸ਼ ਅਧੀਨ ਉਸ ਦੇ ਵਿਰੁੱਧ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

2) ਇਹ ਪਦ-ਉੱਨਤੀਆਂ ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਸੰਬੰਧਤ ਸੇਵਾ ਨਿਯਮਾਂ ਅਧੀਨ ਕੀਤੀਆਂ ਗਈਆਂ ਹਨ। ਪਦ-ਉੱਨਤ ਹੋਏ ਸਮੂਹ ਕਰਮਚਾਰੀਆਂ ਦੇ ਵੇਰਵੇ ਸਮੂਹ ਜ਼ਿਲਾ ਸਿੱਖਿਆ ਅਫਸਰਾਂ ਰਾਹੀਂ, ਗੂਗਲ ਫਾਰਮਾਂ ਰਾਹੀਂ ਅਤੇ ਨਿੱਜੀ ਫਾਈਲਾਂ ਰਾਹੀਂ ਪ੍ਰਾਪਤ ਹੋਏ ਹਨ। ਜੇਕਰ ਬਾਅਦ ਵਿੱਚ ਕਿਸੇ ਵੀ ਕਰਮਚਾਰੀ ਦੇ ਵੇਰਵੇ ਗਲਤ ਪਾਏ ਗਏ, ਜਿਸ ਕਾਰਨ ਸੰਬੰਧਿਤ ਕਰਮਚਾਰੀ ਦਾ ਪ੍ਰਮੋਸ਼ਨ ਦਾ ਕਲੇਮ ਨਾ ਬਣਦਾ ਹੋਵੇ ਤਾਂ ਅਜਿਹੇ ਕਰਮਚਾਰੀ ਦੀ ਪਦ-ਉੱਨਤੀ ਤੁਰੰਤ ਪ੍ਰਭਾਵ ਤੋਂ ਰੱਦ ਸਮਝੀ ਜਾਵੇਗੀ ਅਤੇ ਤੱਥ ਛੁਪਾਉਣ/ ਗਲਤ ਪਦ-ਉੱਨਤੀ ਕਲੇਮ ਕਰਨ ਦੇ ਦੋਸ਼ ਅਧੀਨ ਉਸ ਦੇ ਵਿਰੁੱਧ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

3) ਸਿਵਲ ਅਪੀਲ ਨੰਬਰ 1385 ਆਫ 2025 ANJUMAN ISHAT-E-TALEEM TRUST V/S State of Maharashtra ਅਤੇ ਹੋਰਨਾਂ ਕੁਨੈਕਟਡ ਕੇਸਾਂ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ Teacher Eligibility Test ਸਬੰਧੀ ਦਿੱਤੇ ਗਏ ਫੈਸਲੇ / ਮਿਤੀ 01.09.2025 ਅਧੀਨ ਪਦ-ਉੱਨਤੀ ਦੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ 2 ਸਾਲ ਦੇ ਅੰਦਰ-2 PSTET-2 ਪਾਸ ਕਰਨਾ ਲਾਜਮੀ ਹੈ। ਜੇਕਰ ਨਿਰਧਾਰਿਤ ਸਮੇਂ ਦੇ ਅੰਦਰ ਕਰਮਚਾਰੀ PSTET-2 ਪਾਸ ਨਹੀਂ ਕਰਦਾ ਤਾਂ ਉਸਨੂੰ ਮੁਢਲੇ ਕਾਡਰ ਵਿੱਚ ਰਿਵਰਟ ਕਰ ਦਿੱਤਾ ਜਾਵੇਗਾ।

4) ਜੇਕਰ ਵਿਭਾਗ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 2617 ਆਫ 2017 ਦੇ ਫੈਸਲੇ ਨੂੰ ਮਾਨਯੋਗ ਹਾਈ ਕੋਰਟ ਵਿਖੇ ਜਾਂ ਉਪਰਲੀ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਂਦੀ ਹੈ, ਜਾਂ ਪਟੀਸ਼ਨਰਾਂ ਦੀ ਭਰਤੀ ਨਾਲ ਸਬੰਧਤ ਕਿਸੇ ਵੀ ਕੋਰਟ ਕੇਸ ਦੇ ਫੈਸਲੇ ਨਾਲ ਇਹ ਪਦ-ਉੱਨਤੀਆਂ ਪ੍ਰਭਾਵਿਤ ਹੁੰਦੀਆਂ ਹਨ ਤਾਂ ਕਰਮਚਾਰੀਆਂ ਦੀਆਂ ਨਿਯੁਕਤੀਆਂ / ਪਦ-ਉੱਨਤੀਆਂ ਤੇ ਸਬੰਧਤ ਕੋਰਟ ਕੇਸ ਦਾ ਫੈਸਲਾ ਲਾਗੂ ਕੀਤਾ ਜਾਵੇਗਾ।

ਗੁਰਿੰਦਰ ਸਿੰਘ ਸੋਢੀ, ਪੀ.ਸੀ.ਐਸ.
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਪਿੱਠ ਅੰਕਣ ਨੰਬਰ- ਉਕਤ/2025332507 ਮਿਤੀ: ਐਸ.ਏ.ਐਸ.ਨਗਰ 12-11-2025

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਗੂਗਲ ਫਾਰਮਾਂ ਵਿੱਚ ਸਬੰਧਤ ਕਰਮਚਾਰੀਆਂ ਦੇ ਦਰਜ ਵੇਰਵੇ, ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਉਣ ਸਮੇਂ ਮੁੜ ਚੈੱਕ ਕਰ ਲਏ ਜਾਣ ਅਤੇ ਉਕਤ ਸ਼ਰਤਾਂ ਅਧੀਨ ਹੀ ਅਗਲੇਰੀ ਕਾਰਵਾਈ ਕੀਤੀ ਜਾਵੇ। ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਯੋਗਤਾ ਹਾਸਲ ਕਰਨ ਵਾਲੇ ਕਰਮਚਾਰੀਆਂ ਦੀ ਯੋਗਤਾ ਯੂ.ਜੀ.ਸੀ. ਦੀਆਂ ਗਾਈਡਲਾਈਨਜ ਅਤੇ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਧੀਨ ਵੈਰੀਫਾਈ ਕੀਤੀ ਜਾਵੇ। ਪਦ-ਉੱਨਤ ਕਰਮਚਾਰੀਆਂ ਦੇ ਕੇਸ ਵਿਭਾਗੀ ਨਿਯਮ 2018 ਅਧੀਨ ਕੇਸ ਚੈੱਕ ਕਰਨ ਉਪਰੰਤ ਹੀ ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਇਆ ਜਾਵੇ। ਜੇਕਰ ਕਿਸੇ ਕਰਮਚਾਰੀ ਦਾ ਕੇਸ ਕਿਸੇ ਵੀ ਤਰਾਂ ਨਾਲ ਅਯੋਗ ਪਾਇਆ ਜਾਂਦਾ ਹੈ ਤਾਂ ਤੁਰੰਤ ਅਗਵਾਈ ਲਈ ਵਾਪਿਸ ਭੇਜਿਆ ਜਾਵੇ।
2. ਸਬੰਧਤ ਡੀ.ਡੀ.ਓ. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪਦ-ਉੱਨਤ ਕਰਮਚਾਰੀ ਦੀ ਹਰ ਪੱਖੋਂ ਯੋਗਤਾ ਨੂੰ ਵੈਰੀਫਾਈ ਕਰਦਿਆਂ ਉਕਤ ਵਰਣਿਤ ਸ਼ਰਤਾਂ ਅਧੀਨ ਹੀ ਕਰਮਚਾਰੀਆਂ ਨੂੰ ਫਾਰਗ / ਹਾਜਰ ਕਰਵਾਇਆ ਜਾਵੇ।
3. ਸਬੰਧਤ ਕਰਮਚਾਰੀ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)